# ਪੈਂਤੀ ਅੱਖਰੀ



**ਸੁਰਿੰਦਰ ਕੌਰ ਸਹੋਤਾ**
ਕ੍ਰਿਸ਼ਨਾ ਪਾਰਕ, ਨਵੀਂ ਦਿੱਲੀ

# ਪੈਂਤੀ ਅੱਖਰੀ

ਸੁਰਿੰਦਰ ਕੌਰ ਸਹੋਤਾ
(ਕ੍ਰਿਸ਼ਨਾ ਪਾਰਕ, ਨਵੀਂ ਦਿੱਲੀ)

ਆਓ ਬਣੀਏ ਗੁਰਸਿੱਖ ਪਿਆਰਾ

# ਪੈਂਤੀ ਅੱਖਰੀ

## *Penti Akhari*

ਸੁਰਿੰਦਰ ਕੌਰ ਸਹੋਤਾ (ਕ੍ਰਿਸ਼ਨਾ ਪਾਰਕ)
K-92-A, ਨਿਅਰ ਵਿਕਾਸ ਪੁਰੀ, ਤਿਲਕ ਨਗਰ,
ਨਵੀਂ ਦਿੱਲੀ-110018
ਮੋ: +91 8851685547, 9871230095

ਪਹਿਲੀ ਵਾਰ: ਅਕਤੂਬਰ, 2024
ਕਵਰ ਅਤੇ ਬੁੱਕ ਡੀਜ਼ਾਈਨ: ਸੈਣੀ ਆਰਟਵਰਕ
ਪ੍ਰਕਾਸ਼ਕ:
**ਆਓ ਬਣੀਏ ਗੁਰਸਿੱਖ ਪਿਆਰਾ**
aaobaniyegursikhpyara@gmail.com
ਸਭ ਹੱਕ ਪੰਥ ਦੇ ਰਾਖਵੇਂ ਹਨ।
ਮੁੱਲ: ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ।

# ਸੰਦੇਸ਼



'ਆਓ ਬਣੀਏ ਗੁਰਸਿੱਖ ਪਿਆਰਾ' ਦੀ ਪੂਰੀ ਟੀਮ ਨੂੰ ਹੱਥਲੀ ਪੁਸਤਕ ਦੇ ਰਿਲੀਜ਼ ਹੋਣ 'ਤੇ ਬਹੁਤ-ਬਹੁਤ ਮੁਬਾਰਕਬਾਦ। ਪੁਸਤਕ 'ਪੈਂਤੀ ਅੱਖਰੀ' ਵਿਸ਼ਵ ਭਰ ਦੇ ਪੰਜਾਬੀ ਪਾਠਕਾਂ ਲਈ ਸੱਚਮੁੱਚ ਇੱਕ ਕੀਮਤੀ ਖਜ਼ਾਨਾ ਹੈ। ਅਸਲ ਵਿਚ ਇਸ ਪੁਸਤਕ ਨੂੰ ਦਿਲਚਸਪ ਬਣਾਉਂਦਾ ਮਹੱਤਵਪੂਰਨ ਪੱਖ **ਅਗਾਹਾ ਕੂ ਤ੍ਰਾਘਿ** ਪੁਸਤਕ 'ਤੇ ਅਧਾਰਿਤ ਸ਼ੇਅਰ ਹਨ, ਜਿਸ ਰਾਹੀਂ ਯਕੀਨਨ ਹਰ ਉਮਰ ਤੇ ਸਮੂਹ ਦੇ ਪਾਠਕ ਪੁਸਤਕ ਬਾਰੇ ਵੱਡਮੁੱਲੀ ਜਾਣਕਾਰੀ ਪ੍ਰਾਪਤ ਕਰਨ ਦੇ ਨਾਲ-ਨਾਲ ਆਨੰਦਮਈ ਵੀ ਮਹਿਸੂਸ ਕਰਨਗੇ। ਆਸ ਕਰਦੇ ਹਾਂ ਆਪ ਸਭ ਪਾਠਕਜਨ ਇਹਨਾਂ ਸ਼ੇਅਰਾਂ ਨੂੰ ਵਿਚਾਰ ਸਹਿਤ ਪੜ੍ਹੋਗੇ!

– ਕੁਲਦੀਪ ਸਿੰਘ ਬੱਗਾ

ਸੀਐਮਡੀ, ਸਿਮਕੋ, ਨਵੀਂ ਦਿੱਲੀ, ਭਾਰਤ

# ਸੰਦੇਸ਼



ਵਧਾਈ ਦੀ ਪਾਤਰ ਹੈ ਬੀਬੀ ਸੁਰਿੰਦਰ ਕੌਰ ਜੀ ਅਤੇ 'ਆਓ ਬਣੀਏ ਗੁਰਸਿੱਖ ਪਿਆਰਾ' ਕੁਇਜ ਸ਼ੋਅ ਦੀ ਸਾਰੀ ਟੀਮ, ਜਿਨ੍ਹਾਂ ਦੀ ਅਣਥੱਕ ਮਿਹਨਤ ਸਦਕਾ ਇਹ ਹੱਥਲੀ ਪੁਸਤਕ ਹੋਂਦ ਵਿਚ ਆਈ ਹੈ। ਇਹ ਪੁਸਤਕ ਆਮ ਪੁਸਤਕਾਂ ਨਾਲੋਂ ਇਕ ਵੱਖਰੇ ਕਿਸਮ ਦਾ ਪ੍ਰਭਾਵ ਰੱਖਦੀ ਹੈ ਕਿਉਂਕਿ ਇਸ ਵਿਚ ਪੈਂਤੀ ਅੱਖਰੀ ਦੇ ਨਾਲ ਕਵਿਤਾ ਦਾ ਇਕ ਵਿਲੱਖਣ ਸੁਮੇਲ ਪੇਸ਼ ਕੀਤਾ ਗਿਆ ਹੈ। ਮੈਂ ਉਮੀਦ ਕਰਦਾ ਹਾਂ ਕਿ ਦੁਨੀਆ ਭਰ ਵਿੱਚ ਵੱਸਦੀਆਂ ਨਾਨਕ ਨਾਮ ਲੇਵਾ ਸੰਗਤਾਂ ਇਸ ਪੁਸਤਕ ਰੂਪੀ ਬਹੁਮੁੱਲੇ ਖਜਾਨੇ ਨੂੰ ਪੜ੍ਹ-ਸਮਝ ਕੇ ਕਵਿਤਾਵਾਂ ਬਾਰੇ ਭਰਪੂਰ ਜਾਣਕਾਰੀ ਪ੍ਰਾਪਤ ਕਰਨਗੇ। ਸ਼ਲਾਘਾਯੋਗ ਮਿਹਨਤ ਦੇ ਸਫਲ ਹੋਣ ਲਈ ਮੇਰੀਆਂ ਸ਼ੁਭ ਇਛਾਵਾਂ!

– ਗੁਜਿੰਦਰ ਸਿੰਘ

ਨਿਊ ਯਾਰਕ, ਅਮਰੀਕਾ

# ਸੰਦੇਸ਼

ਹੱਥਲੀ ਪੁਸਤਕ ਦਾ ਆਧਾਰ ਸਰੋਤ ਗੁਰੂ ਨਾਨਕ ਸਾਹਿਬ ਦੁਆਰਾ ਰਚਿਤ ਬਾਣੀ 'ਪੱਟੀ' ਨੂੰ ਮੰਨਿਆ ਜਾ ਸਕਦਾ ਹੈ। ਜਿਵੇਂ ਪੱਟੀ ਇੱਕ ਲੋਕ-ਕਾਵਿ ਰੂਪ ਹੈ ਤੇ ਇਸ ਵਿੱਚ ਗੁਰਮੁਖੀ ਵਰਨਮਾਲਾ ਦੇ ਅੱਖਰਾਂ ਨੂੰ ਆਧਾਰ ਬਣਾ ਕੇ ਕੋਈ ਉਪਦੇਸ਼ ਦਿੱਤਾ ਜਾਂਦਾ ਹੈ, ਉਸੇ ਤਰ੍ਹਾਂ ਹੱਥਲੀ ਪੁਸਤਕ ਵੀ ਪੈਂਤੀ ਅੱਖਰੀ (ਗੁਰਮੁਖੀ) ਨੂੰ ਆਧਾਰ ਬਣਾ ਕੇ ਕਵਿਤਾ ਦੇ ਰੂਪ ਵਿਚ ਸਮਾਜ ਨੂੰ ਸੇਧ ਦੇਣ ਦਾ ਕਾਰਜ ਕਰਦੀ ਹੈ। ਸੌਖੇ ਸ਼ਬਦਾਂ ਵਿਚ ਕਹੀਏ ਤਾਂ ਗੁਰੂ ਨਾਨਕ ਸਾਹਿਬ ਦੀ 'ਪੱਟੀ' ਨੇ ਹੀ ਇਸ ਪੁਸਤਕ ਦਾ ਮੁੱਢ ਬੰਨਿਆ ਹੈ। ਪੁਸਤਕ 'ਪੈਂਤੀ ਅੱਖਰੀ' ਨਵੇਂ ਸਿਰਜਣ ਢੰਗ ਵੱਲ ਚੁੱਕਿਆ ਹੋਇਆ ਇਕ ਬਹੁਤ ਹੀ ਮਹੱਤਵਪੂਰਨ ਕਦਮ ਹੈ, ਰੱਬ ਕਰੇ ਇਹ ਕਦਮ ਕੋਮ ਲਈ ਇਕ ਮੀਲ ਪੱਥਰ ਸਾਬਤ ਹੋਵੇ।

– ਪ੍ਰੋ. ਤੇਜਿੰਦਰ ਸਿੰਘ

ਪਰਥ, ਅਸਟ੍ਰੇਲੀਆ

# ਭੂਮਿਕਾ



ਪੈਂਤੀ ਅੱਖਰੀ ਨੂੰ ਆਧਾਰ ਬਣਾ ਕੇ ਕਵਿਤਾਵਾਂ ਲਿਖਣ ਦੀ ਮੇਰੇ ਮਨ ਵਿੱਚ ਕਈ ਚਿਰ ਤੋਂ ਤਾਂਘ ਸੀ। ਪਰ ਇਹ ਤਾਂਘ ਉਦੋਂ ਹੋਰ ਤੀਬਰ ਹੋ ਗਈ ਜਦੋਂ ਇਕ ਦਿਨ ਡਾ. ਹਰਜਿੰਦਰ ਸਿੰਘ ਦੁਆਰਾ ਲਿਖੀ ਪੁਸਤਕ ਅਗਾਹਾ ਕੂ ਤ੍ਰਾਘਿ ਈ-ਪੁਸਤਕ ਦੇ ਰੂਪ 'ਚ ਮੇਰੇ ਵਟਸਐਪ 'ਤੇ ਆਈ। ਇਸ ਈ-ਪੁਸਤਕ ਨੂੰ ਦੇਖਦਿਆਂ ਸਾਰ ਹੀ ਕਵਿਤਾ ਦਾ ਝਰਨਾ ਮੇਰੇ ਅੰਦਰੋ ਫੁੱਟਣ ਲਈ ਕਾਹਲਾ ਪੈਣ ਲੱਗਾ ਕਿਉਂਕਿ ਇਸ ਵਿਚ ਪੈਂਤੀ ਅੱਖਰੀ (ਪੰਜਾਬੀ ਅੱਖਰ) ਬਹੁਤ ਆਕਰਸ਼ਕ ਢੰਗ ਨਾਲ ਦਿੱਤੇ ਹੋਏ ਸਨ ਜੋ ਕਿ ਅਸਲੋਂ ਖਿੱਚ ਦਾ ਕੇਂਦਰ ਬਣ ਕੇ ਉਭਰ ਰਹੇ ਸਨ। ਮੇਰੇ ਤੋਂ ਰਿਹਾ ਨਾ ਗਿਆ ਤੇ ਮੈਂ ਡਾ. ਹਰਜਿੰਦਰ ਸਿੰਘ ਜੀ ਨੂੰ ਇਸਦੀ ਹਾਰਡ ਕਾਪੀ ਘੱਲਣ ਲਈ ਬੇਨਤੀ ਕੀਤੀ। ਪੁਸਤਕ ਪਹੁੰਚਣ ਉਪਰੰਤ ਸਿਰਫ ਮੈਂ ਹੀ ਨਹੀਂ ਸਗੋਂ ਮੇਰੀ ਪੰਜ ਵਰ੍ਹਿਆ ਦੀ ਦੋਹਤੀ ਬ੍ਰਹਮਗੀਤ ਕੌਰ ਵੀ ਇਸ ਨੂੰ ਦੇਖ ਕੇ ਬਹੁਤ ਪ੍ਰਭਾਵਿਤ ਹੋਈ। ਇਹੀ ਪ੍ਰਾਪਤੀ ਹੈ ਡਾ. ਹਰਜਿੰਦਰ ਸਿੰਘ ਜੀ ਅਤੇ ਉਹਨਾਂ ਦੀ ਪੁਸਤਕ ਦੀ ਜੋ ਹਰ ਵਰਗ ਤੇ ਉਮਰ ਦਾ ਪਾਠਕ ਪੰਜਾਬੀ ਪੜ੍ਹਨ ਲਈ ਪ੍ਰੇਰਿਤ ਹੋ ਰਿਹਾ ਹੈ।

ਪੱਟੀ ਬਾਣੀ ਕਾਵਿਕ ਰੂਪ 'ਚ ਰੱਚ ਕੇ ਗੁਰੂ ਨਾਨਕ ਪਾਤਸ਼ਾਹ ਨੇ ਪੈਂਤੀ ਅੱਖਰੀ ਨੂੰ ਜੋ ਥਾਂ ਦਿੱਤੀ ਹੈ ਉਹ ਬਾਕਮਾਲ ਤੇ ਬੇਮਿਸਾਲ ਹੈ। ਗੁਰੂ ਸਾਹਿਬ ਦੁਆਰਾ ਚਲਾਈ ਰੀਤ ਨੂੰ ਅੱਗੇ ਤੋਰਦਿਆਂ ਕਈ ਵਿਦਵਾਨਾਂ ਤੇ ਸੇਵਕਾਂ ਨੇ ਪੰਜਾਬੀ ਭਾਸ਼ਾ ਦੀ ਨਿੱਠ ਕੇ ਸੇਵਾ ਕੀਤੀ ਤੇ ਅੱਜ ਵੀ ਜਾਰੀ ਹੈ। ਉਹਨਾਂ ਵਿਦਵਾਨਾਂ ਦੀ ਅਗਲੀ ਪੀੜ੍ਹੀ 'ਚੋਂ ਹੀ ਇਕ ਹਨ ਡਾ. ਹਰਜਿੰਦਰ ਸਿੰਘ, ਜੋ ਕਿ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਲਈ ਅਣਥਕ ਮਿਹਨਤ ਕਰ ਰਹੇ

ਹਨ। ਉਹਨਾਂ ਦੀ ਪੁਸਤਕ ਅਗਾਹਾ ਕੂ ਤਾਂਘਿ ਉਪਰੋਕਤ ਵਿਚਾਰ ਦਾ ਪ੍ਰਤੱਖ ਪ੍ਰਮਾਣ ਹੈ।

ਮੈਨੂੰ ਬਚਪਨ ਤੋਂ ਹੀ ਬਹੁਤ ਸ਼ੋਕ ਸੀ ਸਟੇਜ 'ਤੇ ਕਵਿਤਾ ਪੜ੍ਹਨ ਦਾ। ਨਿੱਕੇ ਹੁੰਦਿਆਂ ਮੈਂ ਅਕਸਰ ਆਪਣੇ ਵੱਡਿਆਂ ਨੂੰ ਕਵਿਤਾ ਸੁਣਾਉਣ ਲਈ ਤੰਗ ਕਰਿਆ ਕਰਦੀ ਸੀ। ਇਸ ਪੜ੍ਹਨ ਦੇ ਸ਼ੋਕ ਕਰਕੇ ਹੀ ਮੈਨੂੰ ਕਵਿਤਾ ਲਿਖਣ ਦੀ ਵੀ ਚੇਟਕ ਲਗ ਗਈ, ਜਿਸ ਸਦਕਾ ਮੈਂ ਪੰਜਾਬੀ ਵਰਣਮਾਲਾ ਦੇ ਹਰ ਅੱਖਰ ਨੂੰ ਕੇਂਦਰ 'ਚ ਰੱਖ ਕੇ ਰੂਹਾਨੀ ਵਿਚਾਰਾਂ ਨਾਲ ਭਰਪੂਰ ਬਹੁਤ ਸਾਰੀਆਂ ਕਵਿਤਾਵਾਂ ਦੀ ਰਚਨਾ ਕੀਤੀ। ਹੱਥਲੀ ਪੁਸਤਕ ਇਹਨਾਂ ਕਵਿਤਾਵਾਂ ਦਾ ਹੀ ਇਕ ਸੰਖੇਪ ਸੰਗ੍ਰਹਿ ਹੈ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਮੇਰੇ ਸੱਚਖੰਡਵਾਸੀ ਹਮਸਫਰ ਸ. ਮਨਜੀਤ ਸਿੰਘ ਜੀ ਦਾ ਵੱਡਾ ਯੋਗਦਾਨ ਰਿਹਾ। ਉਹ ਸੁੱਚੀ ਰੂਹ ਦੇ ਮਾਲਕ ਮੈਨੂੰ ਵੱਖ-ਵੱਖ ਕਵੀ ਦਰਬਾਰਾਂ 'ਤੇ ਬੜੇ ਉਤਸਾਹ ਸਹਿਤ ਲੈ ਕੇ ਜਾਂਦੇ ਅਤੇ ਮੇਰੀਆ ਕਵਿਤਾਵਾਂ ਨੂੰ ਪੁਸਤਕੀ ਰੂਪ ਦੇਣ ਲਈ ਸਦਾ ਯਤਨਸ਼ੀਲ ਰਹਿੰਦੇ। ਉਹਨਾਂ ਦੀ ਮਿਹਨਤ ਅਤੇ ਲਗਨ ਸਦਕਾ ਹੀ ਪੁਸਤਕ ਇਕ ਓਂਕਾਰ ਅਤੇ ਸਤਿਨਾਮ ਪ੍ਰਕਾਸ਼ਿਤ ਹੋਈਆਂ। ਮੈਂ ਆਸ ਕਰਦੀ ਹਾਂ ਕਿ ਪਾਠਕ ਹੱਥਲੀ ਪੁਸਤਕ ਵਿਚਲੀਆਂ ਕਵਿਤਾਵਾਂ ਨੂੰ ਪੜ੍ਹ ਕੇ ਆਨੰਦ ਤੇ ਸੇਧ ਲੈਣਗੇ।

- ਸੁਰਿੰਦਰ ਕੌਰ ਸਹੋਤਾ (ਕ੍ਰਿਸ਼ਨਾ ਪਾਰਕ), ਨਵੀਂ ਦਿੱਲੀ
ਖ-92-ਅ, ਕ੍ਰਿਸ਼ਨਾ ਨਗਰ, ਨਵੀਂ ਦਿੱਲੀ-18
ਮੋ: +91 8851685547, 9871230095

| | | |
|---|---|---|
| उ | ੳ | Oorha |
| अ | ਅ | Airha |
| ए | ੲ | Eerhi |
| स | ਸ | Sassa |
| ह | ਹ | Haaha |

ਉੱਚੇ ਮੁਕਾਮੇ ’ਤੇ ਬੰਦਿਆ ਜੇ ਤੂੰ ਆਪਣੀ ਪੌੜੀ ਹੈ ਲੈ ਜਾਣੀ,
ਨਿਰੰਤਰ ਵਫਾਦਾਰੀ, ਮਿਹਨਤ ਤੇ ਗੁਰਬਾਣੀ ਹੀ ਹਨ ਸਮੇਂ ਦੇ ਹਾਣੀ।

‘ਅਗਾਂਹਾ ਕੂ ਤ੍ਰਾਘਿ’ ਦਾ ਰੱਹਸ ਆਓ ਸਮਝੀਏ ਤੇ ਇਕ ਦੁੱਜੇ ਨੂੰ ਸਮਝਾਈਏ,
ਇਕ ਦੂਜੇ ਦੇ ਬੋਧਿਕ ਮਿਆਰ ਨੂੰ ਉੱਚਾ ਉਠਾਉਣ ਵਾਲੇ ਸਦਾ ਸੁਆਲ ਪਾਈਏ।

ਇਲਮ ਦੇ ਨਾਲ ਅਮਲ ਦੀ ਅੱਜ ਬਹੁਤ ਹੀ ਹੈ ਲੋੜ,
ਇਲਮ ਤੇ ਹੈ ਪਰ ਅਸਲੀ ਜਾਮੇ ਵਿੱਚ ਅੱਜ ਬਹੁਤ ਹੀ ਹੈ ਥੋੜ।

ਸਾਹਿਬੁ ਮੇਰਾ ਏਕੋ ਹੈ ਭਾਈ ਏਕੋ ਹੈ, ਗੁਰੂ ਮਾਨਿਓ ਗ੍ਰੰਥ,
ਕੱਚੀ ਬਾਣੀ ਦੇਹਧਾਰੀਆਂ ਨੂੰ ਨੱਥ ਪਾਉਣੀ ਹੈ, ਤਾਂਹੀਓ ਬਚੂ ਪੰਥ।

ਹੱਕਦਾਰ ਸਿਫਤਾਂ ਦੇ ਗੁਰਮੁੱਖ ਤੇ ਸਿੰਘ ਸਿੰਘਣਿਆਂ ਹਨ ਉਹ,
ਨੌਕਰੀਆਂ ਦੇਣ ਦੀ ਸਹਾਇਤਾ ਤੇ ਸੇਵਾ ਮੱਨੁਖਤਾ ਦੀ ਕਰਦੇ ਨੇ ਜੋ।

| | | |
|---|---|---|
| क | ਕ | **Kakka** |
| ख | ਖ | **Khakha** |
| ग | ਗ | **Gagga** |
| घ | ਘ | **Ghagha** |
| ङ | ਙ | **Anga** |

ਕਰਤਾਰਪੁਰ ਗੁਰਦੁਆਰੇ ਸਾਹਿਬ ਦਾ ਹੁਣ ਖੁੱਲ ਗਿਆ ਹੈ ਲਾਂਘਾ,
ਗੁਰੂ ਸੰਦੇਸ਼ ਨੂੰ ਲੋਕਾਈ ਤੱਕ ਪਹੁੰਚਾਉਣ ਦੀਆਂ ਰੱਖਣੀਆਂ ਹੈ ਤਾਂਘਾ।

ਖੇੜਾ, ਖੁਸ਼ੀ ਤੇ ਆਨੰਦ ਸਦਾ ਬਣਿਆ ਰਹੇਗਾ, ਜੇ ਅਸੀਂ ਗੁਰੂ ਨਾਲ ਜੋੜ ਕੇ ਰੱਖਾਂਗੇ ਮੰਨ,
ਇਹ ਹੋਰ ਵੀ ਵੱਧਣਗੇ, ਜੇ ਗੁਰਬਾਣੀ ਦੇ ਨਾਲ-ਨਾਲ, ਸੱਚੀ ਕਿਰਤ ਨਾਲ ਜੋੜ ਕੇ ਰੱਖਾਂਗੇ ਤਨ।

ਗੁਰੂ ਨਾਲ ਗੱਲਬਾਤ ਕਰਨ ਨਾਲ ਕੁਦਰਤ ਤੇ ਕਾਦਰ ਦੇ ਹੁੰਦੇ ਨੇ ਦਿਦਾਰ,
ਜਿਸਦੇ ਸਦਕੇ ਸੰਸਾਰ ਰੂਪੀ ਸੰਮੁਦਰ ਦੇ ਬੇੜੇ ਭਵਸਾਗਰ ਤੋਂ ਹੁੰਦੇ ਨੇ ਪਾਰ।

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥
ਭਾਵ ਕਿਰਤ ਕਰਕੇ ਆਪਣਾ ਢਿੱਡ ਵੀ ਭਰੋ ਤੇ ਹੋਰ ਢਿਡ ਵੀ ਭਰੋ ਕੋਇ।

ਙੰਙਾ ਗਿਆਨ ਬੁਝੈ ਜੇ ਕੋਈ, ਇਸ ਤੁਕ ਕਾ ਭਾਵ ਇਹ ਹੋਈ,
ਜਿਹੜਾ ਸੱਚਾ ਗਿਆਨ ਹੈ ਹਾਸਲ ਕਰਦਾ, ਵਧੀਆ ਜੀਵਨ ਮਾਨੇ ਸੋਈ।

| | | |
|---|---|---|
| च | ਚ | Chacha |
| छ | ਛ | Chhachha |
| ज | ਜ | Jajja |
| झ | ਝ | Jhajja |
| ञ | ਞ | Ayiya |

ਚਾਹਤਾਂ ਉੱਚ ਮੁਕਾਮ ਦੀ ਯਾਨੀ ਕਾਮਯਾਬੀ ਦੀ ਰੱਖਦਾ ਹੈ ਹਰ ਕੋਈ,
ਜਿਸਨੇ ਰੱਬ ਦੇ ਭਾਣੇ ਨੂੰ ਮੰਨਿਆ, ਕਾਮਯਾਬੀ ਦੀ ਚਾਬੀ ਲੈ ਗਿਆ ਸੋਈ।

ਛੁਟਕਾਰਾ, ਹੰਕਾਰ ਤੋਂ ਪਾਉਣ ਦੀ ਜੀਵਣ ਵਿੱਚ ਸਦਾ ਹੀ ਹੈ ਲੋੜ,
ਗੁਰਬਾਣੀ ਹੈ ਹੰਕਾਰ ਦਾ ਦਾਰੂ, ਜੋ ਨਿਮਰਤਾ ਵੱਲ ਦੇਂਦੀ ਹੈ ਮੋੜ।

ਜੀਵਨ ਦੀ ਇੱਕ ਜੁਗਤੀ ਹੈ, ਜੋ ਉੱਚੇ ਆਤਮ ਸੁੱਖ ਦੀ ਪ੍ਰਾਪਤੀ ਚਾਹੁੰਦਾ ਹੈ,
ਉਹ ਇਹ ਪਦਵੀ ਗੁਰੂ ਕੇ ਭਾਣੇ ਵਿੱਚ ਢੱਲ ਕੇ ਜਾਂ ਚੱਲ ਕੇ ਪਾਉਂਦਾ ਹੈ।

ਝੂਰਨ ਤੋਂ ਜਿੰਦਗੀ ਵਿਚੋਂ ਮਨ ਆਪਣੇ ਨੂੰ ਜੇ ਤੂੰ ਰਖਣਾ ਹੈ ਦੂਰ,
ਫਿਰ ਤੂੰ ਬੰਦਿਆ ਹਰ ਰੋਜ਼ ਦਿਲ ਆਪਣੇ ਨੂੰ ਖੋਜਨਾ ਹੈ ਜਰੂਰ।

ਞਾ ਕੈ ਹਾਥਿ ਸਮਰੱਥ ਤੇ ਕਰਨ ਕਰਨੈ ਜੋਗ,
ਆਪਣੇ ਹੱਥੀ ਆਪਣੇ ਕੰਮ ਕਰੀਏ, ਨਹੀਂ ਤੇ ਲਗਣਗੇ ਰੋਗ।

| | | |
|---|---|---|
| ਟ | ਟ | **Tainka** |
| ਠ | ਠ | **Thatha** |
| ਡ | ਡ | **Dadda** |
| ਢ | ਢ | **Dhhadda** |
| ਣ | ਣ | **Naana** |

ਟਹਿਲ ਤੇ ਸੇਵਾ ਕੇਵਲ ਕਰਨ ਨਾਲ ਨਹੀਂ ਬਣਦੀ ਗੱਲ,
ਜਦ ਤੱਕ ਵਿਚਾਰਾਂ ਨੂੰ ਗ੍ਰਹਿਣ ਕਰਕੇ, ਵਿਚਾਰ ਨਾ ਕਰੀਏ ਪਲ ਦੋ ਪਲ।

ਠਾਕੁਰ ਚਾਹੇ ਵਿਰਾਜਮਾਨ ਹੈ ਸਾਰੀ ਸ੍ਰਿਸ਼ਟੀ ਦੇ ਕਣ-ਕਣ ਵਿੱਚ ਆਪ,
ਫਿਰ ਵੀ ਉਸਤੇ ਬਹੁਤ ਖੁਸ਼ ਹੁੰਦਾ ਹੈ ਠਾਕੁਰ, ਜੋ ਠਾਕੁਰ ਦਾ ਕਰਦਾ ਹੈ ਜਾਪ।

ਡੂੰਘੀ ਸਾਂਝ ਜੋ ਰਖੇ, ਕੌਮ ਤੇ ਦੇਸ਼ ਇਕ ਦੂਜੇ ਦੇ ਨਾਲ,
ਫਿਰ ਕੌਮ ਤੇ ਦੇਸ਼ ਹਰ ਵੇਲੇ ਰਹੁ ਚੜ੍ਹਦੀ ਕਲਾ ਦੇ ਨਾਲ।

ਢਹਿੰਦੀ ਤੋਂ ਜੇ ਚੜ੍ਹਦੀ ਕਲਾ ਵੱਲ ਜਾਣਾ ਹੈ, ਤੇ ਖੰਡੇ ਬਾਟੇ ਦਾ ਅੰਮ੍ਰਿਤ ਪੀਣਾ ਹੈ,
ਸਤਿਗੁਰ ਦੀ ਪ੍ਰਾਪਤੀ ਕਰਕੇ ਅਧਿਆਤਮਕ, ਜੀਵਨ ਜੀਉਣਾ ਹੈ।

ਣਾਮ ਨੂੰ ਮੁੱਖ ਰੱਖ ਜਿਸਨੇ ਗੁਰਬਾਣੀ ਵਿੱਚ ਲਾਈਆਂ ਤਾਰੀਆ ਨੇ,
ਉਹਨਾਂ ਰੱਬ ਦੀ ਰਜ਼ਾ ਵਿੱਚ ਰਹਿ ਕੇ ਸਦਾ ਰੱਬ ਨਾਲ ਲਾਈਆਂ ਯਾਰਿਆਂ ਨੇ।

| | | |
|---|---|---|
| त | ਤ | Tatta |
| थ | ਥ | Thatha |
| द | ਦ | Dadda |
| ध | ਧ | Dhadha |
| न | ਨ | Nanna |

ਤੁਲਨਾ ਤੋਂ ਸੁਕਰਾਨੇ ਤਕ ਸਦਾ ਆਪਣੇ ਤੋਂ ਨੀਵੇਂ ਵੱਲ ਤਕ,
ਕਦੇ ਵੀ ਦੂਜੇ ਤੇ ਰਖ ਨਾ ਅੱਖ, ਦੂਜੇ ਦੇ ਹਕ ਨਾ ਤੱਕ।

ਥੋਥੇ ਕਰਮਕਾਂਡ ਸਾਨੂੰ ਨਹੀਂ ਕਰ ਸਕਦੇ ਭਵ ਸਾਗਰ ਤੋਂ ਪਾਰ,
ਮਿਹਨਤ, ਸਾਦਾ ਜੀਵਨ, ਉੱਚ ਵਿਚਾਰ ਹੀ ਕਰ ਸਕਦੇ ਨੇ ਭਵ ਸਾਗਰ ਤੋਂ ਪਾਰ।

ਦੇਵੇ ਤੰਦਰੁਸਤੀ ਮਨ ਦੀ ਵਾਹਿਗੁਰੂ ਜੀ, ਮਨ ਸ਼ਬਦ ਗੁਰੂ ਨਾਲ ਜੋੜ ਦੇਣਾ,
ਤਨ ਕਸਰਤ, ਚੰਗਾ ਖਾਣਾ ਤੇ ਤੁਰਨ ਲਈ ਪੈਰ ਗੁਰੂ ਵੱਲ ਮੋੜ ਦੇਣਾ।

ਧਾਰਮਿਕ ਸ਼ਤਾਬਦੀਆਂ ਮਨਾਉਣ ਨਾਲ ਲੁਕਾਈ ਨੂੰ ਮਿਲਦਾ ਹੈ ਸੁਨੇਹਾ ਸੁੱਚਾ,
ਇਸਦੇ ਨਾਲ ਦੁਨੀਆ ਭਰ ਵਿੱਚ ਕੋਮ ਦਾ ਮਿਆਰ ਹੁੰਦਾ ਹੈ ਉੱਚਾਂ।

ਨਿੱਕੀਆਂ ਜਿੰਦਾ ਵੱਡੇ ਸਾਕੇ ਜੋ ਸੀ ਦਸਮੇਸ਼ ਦੇ ਫਰਜੰਦ ਪਿਆਰੇ,
ਜਿੰਨਾ ਕੋਮ ਨੂੰ ਦਿੱਤਾ ਹਲੂਣਾ, ਦਸਮ ਦਿਸ਼ਾ ਵਿੱਚ ਵੱਜ ਗਏ ਜਿੱਤ ਦੇ ਨਗਾਰੇ।

| | | |
|---|---|---|
| प | ਪ | Pappa |
| फ | ਫ | Phapha |
| ब | ਬ | Babba |
| भ | ਭ | Bhabba |
| म | ਮ | Mamma |

ਪੁਰਖ ਸਮਰਥ ਕਿਰਤ ਹੈ ਅਕਾਲ ਪੁਰਖ ਦੀ ਸਭ ਤੋਂ ਬੁੱਧੀਮਾਨ ਤੇ ਸ਼ਕਤੀਸ਼ਾਲੀ,
ਜੋ ਆਪਣੇ ਕਾਰਜਾਂ ਰਾਹੀ, ਮੂਲ ਨਾਲ ਜੁੜ ਕੇ ਅਰਦਾਸ ਕਰਦੇ ਸਰਬੱਤ ਦੇ ਭਲੇ ਵਾਲੀ।

ਫੱਸਨਾ ਨਹੀਂ ਕਰਮਕਾਂਡ ਵਿਚ ਨਹੀਂ ਤਾਂ ਗੁਰੂ ਤੋਂ ਹੋ ਜਾਵਾਂਗੇ ਬੇਮੁੱਖ,
ਜੇ ਗੁਰ ਪ੍ਰਚਾਰ ਤੇ ਸ਼ਹਾਦਤਾਂ ਨੂੰ ਨਾ ਕਰੀਏ ਨਜੰਰਅੰਦਾਜ ਫੇਰ ਪਾਵਾਂਗੇ ਸੁੱਖ।

ਬਿਬੇਕੀ ਸਿੱਖ ਦੀ ਇਮਯੂਨਿਟੀ ਹਰ ਪੱਖੋਂ ਹੁੰਦੀ ਹੈ ਪੂਰੀ,
ਸੇਵਾ ਸਿਮਰਨ ਸ਼ਹਾਦਤ ਉਸਦੀ ਹਰ ਕਸੋਟੀ ਨੂੰ ਮਿਲਦੀ ਹੈ ਮੰਜੂਰੀ।

ਭਰਪੂਰ ਸੋਝੀ ਨਾਲ ਸਾਨੂੰ ਗੁਰਬਾਣੀ ਦੇ ਚਾਨਣ ਵਿੱਚ ਇਤਿਹਾਸ ਵਾਚਨ ਦੀ ਹੈ ਲੋੜ,
ਗੁਰੂ ਗ੍ਰੰਥ ਤੋਂ ਜੁੜਨ ਤੋਂ ਪਹਿਲਾਂ, ਗੁਰੂ ਗ੍ਰੰਥ ਦੀ ਰੋਸ਼ਨੀ ਲਈਏ ਇਹ ਹੈ ਤੋੜ।

ਮੁਕਤੀ ਦਵਾਈ ਗੁਰੂ ਨੇ ਜਦੋਂ ਅੰਧਵਿਸ਼ਵਾਸਾਂ ਵਿੱਚ ਧੱਸੀ ਹੋਈ ਸੀ ਲੁਕਾਈ,
ਬਾਬੇ ਨਾਨਕ ਦੀ ਬਾਣੀ ਇਸ ’ਚੋਂ ਬਾਹਰ ਕੱਢਣ ਲਈ ਹੋਈ ਸੀ ਸਹਾਈ।

| | | |
|---|---|---|
| य | ਯ | Yayya |
| र | ਰ | Raara |
| ल | ਲ | Lalla |
| व | ਵ | Vaava |
| ड़ | ੜ | Rhaarha |

ਯੂ.ਐਨ.ਓ. ਦਾ ਉਦੇਸ਼ ਹੈ, ਅੰਤਰ ਰਾਸ਼ਟਰੀ ਸ਼ਾਂਤੀ ਕਾਇਮ ਕਰਨ ਵਿਚ ਕਰਨਾ ਸਹਿਸਯੋਗ,
ਇਸ ਉਦੇਸ਼ ਨੂੰ ਪੂਰਾ ਕਰਨ ਲਈ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦੇ ਕੇ ਆਪਣਾ ਪਾਇਆ ਯੋਗ।

ਰਵਾਇਤਾਂ ਕਰਕੇ ਗੁਰੂ ਨਾਨਕ ਨੇ ਭਾਈ ਲਹਿਣੇ ਨੂੰ ਉਤਰਾਧਿਕਾਰੀ ਬਣਾਇਆ,
ਰਵਾਇਤਾਂ ਸਦਕੇ ਹੀ ਅੱਜ ਗੁਰੂ ਗ੍ਰੰਥ ਸਾਰੇ ਜਗ ਵਿੱਚ ਛਾਇਆ।

ਲੋੜ ਹੈ ਗੁਰੂ ਹੁਕਮ ਅਨੁਸਾਰ ਵਿਸ਼ੇ ਵਿਕਾਰਾਂ ਤੋਂ ਬੱਚਣ ਦੀ,
ਹਰ ਇਕ ਪਲ ਨੂੰ ਗੁਰੂ ਅਨੁਸਾਰ ਜਿਉਣ ਦੇ ਜਤਨ ਦੀ।

ਵਰਤਮਾਨ ਤੇ ਭਵਿਖ ਨੂੰ ਸੁਧਾਰਨ ਦਾ ਆਸਰਾ ਲੱਭਨ ਦੀ ਹੈ ਲੋੜ,
ਗੁਰੂ ਸਾਹਿਬਾਨਾਂ ਦੇ ਚੁਨੌਤੀ ਭਰੇ ਜੀਵਨ ਤੇ ਚੱਲਣਾ ਹੀ ਸੀ ਹੈ ਮੋੜ।

ੜਾੜਾ ੜਾੜਿ ਮਿਟੈ ਸੰਗਿ ਸਾਧੂ, ਪ੍ਰਭ ਕ੍ਰਿਪਾ ਸਦਕਾ ਮਨ ਹੈ ਰਹਿੰਦਾ ਕਾਬੂ,
ਫੇਰ ਹੀ ਇਨਸਨ ਸੁਰਿੰਦਰ ਸਰਬੱਤ ਦੇ ਭਲੇ ਦੀ ਮਨ ਵਿੱਚ ਰੱਖਦਾ ਲੋਚ ਹੈ ਵਾਧੂ।

| | | |
|---|---|---|
| श | ਸ਼ | Shasha |
| ख़ | ਖ਼ | Khakha |
| ग़ | ਗ਼ | Gagga |
| ज़ | ਜ਼ | Zazza |
| फ़ | ਫ਼ | Phapha |
| ळ | ਲ਼ | Lalla |

ਸ਼ਖ਼ਸੀਅਤ ਵਿੱਚ ਨਿਖਾਰ ਲਿਆਉਣਾ ਸਿੱਖ ਨੂੰ ਵਿਰਸੇ 'ਚੋਂ ਹੀ ਹੈ ਲਾਹੇਵੰਦ,
ਗੁਰਬਾਣੀ 'ਤੇ ਚੱਲਣ ਨਾਲ ਹੀ ਸਿੱਖ ਨੂੰ ਮਿਲਦਾ ਹੈ ਪੂਰਨ ਪਰਮਾਨੰਦ।

ਖ਼ਲਕਤ ਨੂੰ ਸੇਧ ਦਿੰਦੀ ਹੈ ਧੁਰ ਦੀ ਬਾਣੀ, ਕਿਸੇ-ਕਿਸੇ ਨੇ ਹੈ ਇਸਦੀ ਰਮਜ਼ ਪਛਾਣੀ,
ਈਰਖਾ, ਰੀਸ, ਚਿੰਤਾ ਆਸ ਤੇ ਸ਼ਿਕਾਇਤਾਂ ਤੋਂ ਬੱਚ ਗਿਆ ਜਿਸਨੇ ਇਸਦੀ ਛੱਤਰੀ ਤਾਨੀ।

ਗ਼ਮਾਂ ਤੋਂ ਨਿਜਾਤ ਦਿਵਾਉਂਦੀ ਹੈ ਸਾਨੂੰ ਗੁਰਬਾਣੀ ਖੇੜੇ ਵਿੱਚ ਰੱਖਦੀ ਹੈ ਯਾਨੀ,
ਬੰਦਿਆਂ ਸੱਚੇ ਦਿਲੋਂ ਇਸ 'ਤੇ ਚਲ ਕੇ ਦੇਖ ਆਪੇ ਹੋ ਜਾਊ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ।

ਜ਼ਰੂਰਤ ਹੈ ਖੋਜ ਦੇ ਅਜਿਹੇ ਖੋਜਾਰਥਿਆਂ ਦੀ, ਜੋ ਅਸਲ ਪ੍ਰਮਾਣਿਕਤਾ ਦਾ ਦੇ ਸੱਕਣ ਮਾਪਦੰਡ,
ਇਹ ਗੁਰੂ ਗ੍ਰੰਥ ਸਾਹਿਬ ਕੋਲ ਮੌਜੂਦ ਹੈ, ਹੋਰ ਕੋਈ ਫੋਲਣ ਦੀ ਲੋੜ ਨਹੀਂ ਪੰਡ, ਇਹ ਸੱਚਾਈ ਖੰਡ।

ਫ਼ਰਜ਼ ਜਰੂਰੀ ਹੈ ਪ੍ਰਚਾਰਕਾਂ ਦਾ ਗੁਰਬਾਣੀ ਨੂੰ ਜਿਓ ਦਾ ਤਿਓਂ ਉਚਾਰੀਏ,
ਇੱਕਵੀਂ ਸਦੀ 'ਚ ਮਨੁੱਖਤਾ ਨੂੰ ਸੋਧ ਦੇਣ ਲਈ ਸਾਂਝੀਵਾਲਤਾ ਦਾ ਉਪਦੇਸ਼ ਉਚਾਰੀਏ।

ਲ਼ਖੀ ਨ ਜਾ ਨਾਨਕ ਲੀਲਾ, ਇਸਨੂੰ ਵੇਖਣ ਲਈ ਹੈ ਗੁਰਬਾਣੀ ਰੂਪੀ ਵਿਸ਼ੇਸ਼ ਐਨਕ ਦੀ ਲੋੜ,
ਮਾਇਆ ਰੂਪੀ ਸੰਸਾਰ 'ਚ ਚੰਗੇ ਮਾੜੇ ਦੀ ਪਰਖ ਕਰਨ ਲਈ ਭਾਵੇਂ ਖੋਜੀ ਲੱਗੇ ਰਹਿਣ ਲੱਖ ਕਰੋੜ।

# ਪੜ੍ਹੋ ਤੇ ਪੜ੍ਹਾਓ

ਸਭ ਤੋਂ ਪਹਿਲਾਂ 'ਆਓ ਬਣੀਏ ਗੁਰਸਿੱਖ ਪਿਆਰਾ' ਸ਼ੋਅ ਦਾ ਮਿਸ਼ਨ ਤੇ ਵਿਜ਼ਨ ਦੱਸਣਾ ਅਤਿ ਲਾਜ਼ਮੀ ਹੈ ਕਿਉਂਕਿ ਬਗੈਰ ਟੀਚੇ ਕੋਈ ਵੀ ਕਾਰਜ ਪੂਰਾ ਹੋ ਕੇ ਵੀ ਅਧੂਰਾ ਹੀ ਰਹਿੰਦਾ। ਇਸ ਸ਼ੋਅ ਦਾ ਮੂਲ ਮਨੋਰਥ ਗੁਰਬਾਣੀ ਤੇ ਸਿੱਖ ਇਤਿਹਾਸ ਨੂੰ ਨਿਵੇਕਲੇ ਢੰਗ ਨਾਲ ਸਮੁੱਚੀ ਲੋਕਾਈ ਤਕ ਪਹੁੰਚਾਉਣਾ ਅਤੇ ਹਰ ਗੁਰਸਿੱਖ ਨੂੰ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਦਾ ਪ੍ਰਚਾਰਕ ਬਣਾਉਣਾ ਹੈ। ਇਹ ਪ੍ਰਚਾਰ ਕਈ ਤਰੀਕਿਆਂ ਨਾਲ ਕੀਤਾ ਜਾਣਾ ਸੰਭਵ ਹੈ। ਜਿਵੇਂ ਸ਼ੋਅ ਰਾਹੀਂ, ਸੋਸ਼ਲ ਮੀਡੀਆ ਰਾਹੀਂ, ਵਿਅਕਤੀਗਤ ਤੌਰ 'ਤੇ ਅਤੇ ਲਿਖਤਾਂ ਰਾਹੀਂ। ਇਕ ਪਾਸੇ ਤਾਂ ਆਓ ਬਣੀਏ ਗੁਰਸਿੱਖ ਪਿਆਰਾ ਸ਼ੋਅ ਦੇ ਜ਼ਰੀਏ ਉਪਰੋਕਤ ਮਨੋਰਥ ਨੂੰ ਪੂਰਾ ਕਰਨ ਦਾ ਨਿਰੰਤਰ ਯਤਨ ਕੀਤਾ ਜਾ ਰਿਹਾ ਹੈ, ਤੇ ਦੂਜੇ ਪਾਸੇ 2023 ਵਿਚ ਇਸ ਸ਼ੋਅ 'ਤੇ ਆਧਾਰਿਤ ਪੁਸਤਕ 'ਆਗਾਹਾ ਕੂ ਤ੍ਰਾਘਿ' ਅਤੇ 2024 ਵਿਚ 'ਗਿਆਨ ਦਾ ਸਾਗਰ' ਪ੍ਰਕਾਸ਼ਿਤ ਕੀਤੀ ਜਾ ਚੁੱਕੀ ਹੈ। ਇਹਨਾਂ ਪੁਸਤਕਾਂ ਨੂੰ ਸੰਗਤ ਵਲੋਂ ਭਰਵਾਂ ਹੁੰਗਾਰਾ ਮਿਲਣ ਕਰਕੇ ਤੀਜੀ ਪੁਸਤਕ **ਪੈਂਤੀ ਅੱਖਰੀ** ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਮੈਨੂੰ ਆਸ ਹੈ ਕਿ ਪਾਠਕ ਇਸ ਪੁਸਤਕ ਨੂੰ ਬਹੁਤ ਪਿਆਰ ਦੇਣਗੇ ਅਤੇ ਹੋਰਨਾਂ ਨੂੰ ਵੀ ਨਾਲ ਜੋੜਨਗੇ।

**– ਡਾ. ਹਰਜਿੰਦਰ ਸਿੰਘ**